# ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ
## (ਮੁੜ ਮੁਲਾਂਕਣ ਸਟੋਰ)

ਵਿਸ਼ਾ:-ਯੂਨੀਵਰਸਿਟੀ ਵਲੋਂ ਮਾਰਕਡ ਉੱਤਰ-ਪੱਤਰੀਆਂ **ਸਤੰਬਰ** 2016 (**ਸਪਲੀਮੈਂਟਰੀ**) ਅਤੇ **ਦਸੰਬਰ 2016**(**ਸਮੈਸਟਰ**) ਦੀ ਰੱਦੀ ਵੇਚਣ **ਸਬੰਧੀ ਸ਼ਰਤਾ।**

ਯੂਨੀਵਰਸਿਟੀ ਮੁੜ-ਮੁਲਾਂਕਣ ਸਟੋਰ ਵਿਚ ਪਈਆਂ ਮਾਰਕਡ ਉੱਤਰ-ਪੱਤਰੀਆਂ, ਜਿੰਨਾ ਦਾ ਵਜ਼ਨ ਲਗਭਗ 800 ਕੁਵਿੰਟਲ ਹੈ, ਦੇ ਟੈਂਡਰ ਮਿਤੀ 12-12-2017 ਨੂੰ ਬਾਅਦ ਦੁਪਹਿਰ 3-00 ਵਜੇ ਤੱਕ ਮੰਗੇ ਜਾਂਦੇ ਹਨ, ਜੋਕਿ ਉਸੇ ਦਿਨ ਬਾਅਦ ਦੁਪਹਿਰ ਸ਼ਾਮ 4-00 ਵਜੇ ਰਜਿਸਟਰਾਰ ਜੀ ਦੇ ਦਫ਼ਤਰ ਵਿਚ ਟੈਂਡਰਕਾਰਾਂ ਦੀ ਹਾਜ਼ਰੀ ਵਿਚ ਖੋਲੇ ਜਾਣਗੇ।

ਟੈਂਡਰ ਸਬੰਧੀ ਹੇਠ ਲਿਖੀਆਂ ਸ਼ਰਤਾਂ ਹਨ:-

1. ਟੈਂਡਰਕਾਰਾਂ ਪਾਸੋਂ ਟੈਂਡਰ ਖੋਲਣ ਤੋਂ ਪਹਿਲਾਂ 50,000/- ਰੁਪਏ ਦਾ ਬੈਂਕ ਡਰਾਫਟ (ਜੋ ਕਿ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਨਾਂ ਅਤੇ ਪੰਜਾਬ ਐਂਡ ਸਿੰਧ ਬੈਂਕ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿੱਚ ਅਦਾਇਗੀ ਯੋਗ ਹੋਵੇ ਬਤੌਰ ਪੇਸ਼ਗੀ ਵਸੂਲ ਕੀਤਾ ਜਾਵੇਗਾ। ਰੱਦੀ ਖਰੀਦਣ ਦੇ ਰੇਟ ਪ੍ਰਤੀ ਕੁਵਿੰਟਲ ਦੇ ਹਿਸਾਬ ਨਾਲ ਟੈਡਰ ਵਿਚ ਭਰੇ ਜਾਣ। ਜਿਸ ਟੈਂਡਰਕਾਰ ਦੇ ਦਰ ਸਭ ਤੋਂ ਜਿਆਦਾ ਹੋਣਗੇ, ਉਸਦਾ ਟੈਡਰ ਪ੍ਰਵਾਨ ਕੀਤਾ ਜਾਵੇਗਾ ਅਤੇ ਉਸ ਦਾ ਬੈਂਕ ਡਰਾਫਟ ਕੈਸ਼ੀਅਰ ਪਾਸ ਜਮ੍ਹਾਂ ਕਰਵਾ ਦਿੱਤਾ ਜਾਵੇਗਾ। ਬਾਕੀ ਟੈਡਰਕਾਰਾਂ ਦੇ ਬੈਂਕ ਡਰਾਫਟ ਉਸੇ ਦਿਨ ਵਾਪਸ ਕਰ ਦਿੱਤੇ ਜਾਣਗੇ।
2. ਸਫਲ ਟੈਂਡਰਕਾਰ ਨੂੰ ਟੈਂਡਰ ਮਨਜੂਰ ਹੋਣ ਉਪਰੰਤ ਤੁਰੰਤ 2,00,000/- ਰੁ: ਜਮ੍ਹਾਂ ਕਰਵਾਉਣੇ ਹੋਣਗੇ।
3. ਟੈਂਡਰਕਾਰ ਇਹ ਰੱਦੀ ਮਿਤੀ 12-12-2017 ਤੋਂ ਪਹਿਲਾਂ ਕਿਸੇ ਕੰਮ ਵਾਲੇ ਦਿਨ ਵੇਖ ਸਕਦਾ ਹੈ।
4. ਟੈਂਡਰ ਸਵੀਕਾਰ ਹੋਣ ਤੇ 7 ਦਿਨ ਦੇ ਅੰਦਰ-ਅੰਦਰ ਟੈਂਡਰਕਾਰ ਇੱਕ ਐਗਰੀਮੈਂਟ ਜੋਕਿ ਫਸਟ ਕਲਾਸ ਮੈਜਿਸਟਰੇਟ ਵਲੋਂ ਤਸਦੀਕਸੁਦਾ ਹੋਵੇ ( ਜੋਕਿ 25/-ਰੁ. ਦੇ ਨਾਨ ਜੁਡੀਸ਼ੀਅਲ ਸਟੈਪ ਪੇਪਰ ਤੇ ਹੋਵੇਗਾ) ਦੇਣਾ ਪਵੇਗਾ, ਜਿਸ ਵਿਚ ਟੈਂਡਰ ਦੀਆਂ ਸ਼ਰਤਾਂ ਦਰਜ ਹੋਣਗੀਆਂ। ਟੈਂਡਰਕਾਰ ਵਲੋ ਐਗਰੀਮੈਂਟ ਨਾ ਕਰਨ ਦੀ ਸੂਰਤ ਵਿਚ ਟੈਡਰ ਕੈਂਸਲ ਕਰ ਦਿੱਤਾ ਜਾਵੇਗਾ ਅਤੇ ਪੇਸ਼ਗੀ ਜਮ੍ਹਾਂ ਕਰਵਾਈ ਗਈ ਰਕਮ (50,000/-ਰੁ.ਜਬਤ ਕਰਨ ਦਾ ਅਧਿਕਾਰ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਕੋਲ ਹੋਵੇਗਾ।
5. ਐਗਰੀਮੈਂਟ ਕਰਨ ਅਤੇ ਦਫ਼ਤਰ ਵਿਚ ਪ੍ਰਾਪਤ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਟੈਂਡਰਕਾਰ ਨੂੰ ਰੱਦੀ ਦੀ ਤੁਲਾਈ ਕਰਵਾਉਣੀ ਪਵੇਗੀ ਅਤੇ ਪੂਰੀ ਰਕਮ ਦੀ ਅਦਾਇਗੀ ਪੂਰੀ ਤੁਲਾਈ ਵਾਲੇ ਦਿਨ ਹੀ ਕਰਨੀ ਪਵੇਗੀ।
6. ਰੱਦੀ ਦੀ ਤੁਲਾਈ ਜੋਕਿ ਉਪਰੋਕਤ ਮਦ ਨੰ:5 ਅਨੁਸਾਰ ਕੀਤੀ ਜਾਵੇਗੀ,ਤੋਂ ਤੁਰੰਤ ਬਾਅਦ ਟੈਂਡਰਕਾਰ ਨੂੰ ਆਪਣੇ ਖਰਚੇ ਤੇ ਰੱਦੀ ਸਟੋਰ ਵਿਚੋ ਚੁਕਵਾਉਣੀ ਪਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਕਿਸੇ ਕਿਸਮ ਦੇ ਨੁਕਸਾਨ ਦੀ ਜਿੰਮੇਵਾਰੀ ਟੈਂਡਰਕਾਰ ਦੀ ਹੋਵੇਗੀ। ਇਸ ਤੋ ਇਲਾਵਾ ਜੇਕਰ ਟੈਂਡਰਕਾਰ ਨਿਸ਼ਚਿਤ ਸਮੇ ਜੋ ਕਿ ਯੂਨੀਵਰਸਿਟੀ ਨੁਮਾਇੰਦੇ ਅਤੇ ਖਰੀਦਦਾਰ ਦੇ ਨੁਮਾਇੰਦੇ ਵਿਚਕਾਰ ਫਿਕਸ ਕੀਤਾ ਜਾਵੇਗਾ, ਵਿਚ ਰੱਦੀ ਨਹੀ ਚੁੱਕਦਾ ਤਾਂ ਉਸ ਕੋਲੋ ਉਸ ਉਪਰੰਤ 10 ਦਿਨਾਂ ਤੱਕ 3,000/- ਰੁ.ਪ੍ਰਤੀ ਦਿਨ ਦੇ ਹਿਸਾਬ ਨਾਲ ਸਟੋਰੇਜ਼ ਚਾਰਜਿਜ ਵਸੂਲੇ ਜਾਣਗੇ ਅਤੇ ਫਿਰ ਵੀ ਰੱਦੀ ਨਾ ਚੁੱਕਣ ਦੀ ਸੂਰਤ ਵਿਚ 50,000/- ਰੁ.ਦੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਟੈਂਡਰ ਕੈਸਲ ਕਰ ਦਿੱਤਾ ਜਾਵੇਗਾ।
7. ਜੇਕਰ ਟੈਡਰਕਾਰ ਟੈਂਡਰ ਦੀ ਕੋਈ ਸ਼ਰਤ ਪੂਰੀ ਨਹੀ ਕਰਦਾ ਤਾਂ ਰਜਿਸਟਰਾਰ ਸਾਹਿਬ ਟੈਂਡਰ ਨੂੰ ਕੈਂਸਲ ਕਰ ਸਕਦੇ ਹਨ ਅਤੇ ਜਮ੍ਹਾਂ ਕਰਵਾਈ ਪੇਸ਼ਗੀ ਰਕਮ ਜਬਤ ਕਰ ਲਈ ਜਾਵੇਗੀ।
8. ਟੈਡਰ ਸਬੰਧੀ ਟੈਂਡਰਕਾਰ ਅਤੇ ਯੂਨੀਵਰਸਿਟੀ ਵਿਚਾਲੇ ਜੇ ਕੋਈ ਮਸਲਾ ਪੈਦਾ ਹੋ ਜਾਂਦਾ ਹੈ ਤਾਂ ਉਸ ਨੂੰ ਹੱਲ ਕਰਨ ਦਾ ਅਧਿਕਾਰ ਰਜਿਸਟਰਾਰ ਪਾਸ ਹੋਵੇਗਾ ਅਤੇ ਉਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ।
9. ਰੱਦੀ ਦੀ ਤੁਲਾਈ ਦੋ ਕੰਡਿਆਂ ਤੇ ਟੈਂਡਰਕਾਰ/ਨੁਮਾਇੰਦੀਆਂ ਦੀ ਹਾਜ਼ਰੀ ਵਿਚ ਕੀਤੀ ਜਾਵੇਗੀ ਅਤੇ ਜਿਸ ਕੰਡੇ ਦਾ ਵਜ਼ਨ ਜ਼ਿਆਦਾ ਹੋਵੇਗਾ, ਉਸ ਨੂੰ ਹੀ ਮੰਨਿਆ ਜਾਵੇਗਾ।
10. ਪੇਸ਼ਗੀ ਰਕਮ 50,000/-ਰੁ: ਅਤੇ 2,00,000/-ਰੁ: ਰੱਦੀ ਤੁਲਾਈ ਦਾ ਕੰਮ ਪੂਰਾ ਹੋਣ ਉਪਰੰਤ ਟੈਡਰਕਾਰ ਦੀ ਬਕਾਇਆ ਰਕਮ ਵਿਚ ਐਡਜਸਟ ਕਰ ਲਈ ਜਾਵੇਗੀ।
11. ਕੋਈ ਵੀ ਕਾਰਨ ਦੱਸੇ ਬਿਨ੍ਹਾਂ ਰਜਿਸਟਰਾਰ ਸਾਹਿਬ ਨੂੰ ਟੈਡਰ ਪ੍ਰਵਾਨ/ਅਪ੍ਰਵਾਨ ਕਰਨ ਲਈ ਪੂਰੇ ਅਖਤਿਆਰ ਹੋਣਗੇ।
12. ਟੈਂਡਰ ਸਬੰਧੀ ਪ੍ਰੋਫਾਰਮਾ ਨਾਲ ਨੱਥੀ ਕੀਤਾ ਜਾਂਦਾ ਹੈ, ਇਸ ਨੂੰ ਪੂਰਾ ਭਰ ਕੇ ਸਮੇਂ ਸਿਰ ਦਿੱਤਾ ਜਾਵੇ ਜੋਕਿ ਰਜਿਸਟਰਾਰ ਦੇ ਨਾਮ ਤੇ ਬੰਦ ਲਿਫਾਫੇ ਵਿਚ ਦਿੱਤਾ ਜਾਵੇ।
13. ਤਾਰ/ਫੈਕਸ ਰਾਹੀਂ ਭੇਜੇ ਟੈਂਡਰ ਸਵੀਕਾਰ ਨਹੀਂ ਹੋਣਗੇ।

ਰਜਿਸਟਰਾਰ ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ) ਉਪ-ਰਜਿਸਟਰਾਰ (ਕੰਡਕਟ)

ਪ੍ਰਧਾਨ
(ਆਫਿਸਰਜ਼ ਐਸੋਸ਼ੀਏਸ਼ਨ)

ਪ੍ਰਧਾਨ
ਨਾਨ-ਟੀਚਿੰਗ ਇੰਪਲਾਇਜ਼ ਐਸੋਸ਼ੀਏਸ਼ਨ

ਉਪ-ਰਜਿਸਟਰਾਰ/ਸਹਾਇਕ ਰਜਿਸਟਰਾਰ/
ਸਿਸਟਮ ਐਡਮਿਨਸਟ੍ਰੇਟਰ(ਮੁੜ-ਮੁਲਾਂਕਣ ਸਟੋਰ)

**ਉਪਰੋਕਤ ਰਜਿਸਟਰਾਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

**ਸਿਸਟਮ ਐਡਮਿਨਸਟ੍ਰੇਟਰ(ਮੁੜ-ਮੁਲਾਂਕਣ ਸਟੋਰ)**

**ਰਜਿਸਟਰਾਰ ਜੀ**